# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

## ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 8:- ਨਹਿਰੂ ਯੁਵਾ ਕੇਂਦਰ ਚੰਡੀਗੜ੍ਹ ਦੁਆਰਾ ਸੈਕਟਰ 23 ਡੀ ਵਿੱਚ ਸਥਿਤ ਗੌਰਮਿੰਟ ਮਾਡਲ ਮਿਡਲ ਸਕੂਲ ਵਿਚ ਅੱਜ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਖੂਨ ਦਾਨ ਕੈਂਪ ਆਯੋਜਤ ਕੀਤਾ ਗਿਆ ਜਿਸ ਵਿੱਚ ਭਿੰਨ ਭਿੰਨ ਯੁਵਾ ਕਲੱਬਾਂ ਅਤੇ ਵੈਕਲਪਿਕ ਕੇਂਦਰਾਂ ਦੇ ਕਰੀਬ 41 ਨੌਜਵਾਨਾਂ ਨੇ ਖੂਨ ਦਾਨ ਕੀਤਾ। ਪ੍ਰੋਗਰਾਮ ਦਾ ਆਯੋਜਨ ਜਿਲ੍ਹਾ ਯੂਵਾ ਕਾਰਡੀਨੇਟਰ ਡਾ. ਜੀ.ਐੱਸ.ਬਾਜਵਾ ਅਤੇ ਬਲੱਡ ਬੈਂਕ ਸੁਸਾਇਟੀ ਜੀਐਮਐੱਸਐੱਚ 16 ਦੀ ਇੰਚਰਾਜ ਡਾ. ਸਰੋਜ ਦੇ ਮਾਰਗ ਨਿਰਦੇਸ਼ਨ ਵਿਚ ਕੀਤਾ ਗਿਆ।

ਖੂਨਦਾਨ ਕੈਂਪ ਦਾ ਉਦਘਾਟਨ ਐਨਵਾਈਕੇਐਸ ਹਰਿਆਣਾ ਜੋਨ ਕੇ ਉਪਨਿਰਦੇਸ਼ਕ ਸ਼੍ਰੀ ਜਸਵੀਰ ਸਿੰਘ ਆਹਲੂਵਾਲੀਆ ਨੇ ਕੀਤਾ। ਇਸ ਮੌਕੇ ਤੇ ਬੋਲਦੇ ਹੋਏ ਡਾ. ਸਰੋਜ਼ ਨੇ ਭਿੰਨ ਭਿੰਨ ਖੇਤਰਾਂ ਨਾਲ ਜੁੜੀਆਂ ਹੋਈਆਂ ਮਹਿਲਾਵਾਂ ਦੀਆਂ ਅਸਧਾਰਨ ਉਪਲੱਬਧੀਆਂ ਦੇ ਵਿਸ਼ੇ ਵਿਚ ਜਾਣਕਾਰੀ ਦਿੱਤੀ। ਸ਼੍ਰੀਮਤੀ ਪ੍ਰੋਮਿਲਾ ਨੇ ਦੱਸਿਆ ਕਿ ਸੰਪੂਰਨ ਵਿਕਾਸ ਅਤੇ ਨਿਆਂ ਦੀ ਪ੍ਰਾਪਤੀ ਦੇ ਲਈ ਮਹਿਲਾਵਾਂ ਨੂੰ ਅੱਗੇ ਆਉਣਾ ਹੋਵੇਗਾ ਅਤੇ ਆਪਣੀ ਆਂਤਰਿਕ ਸ਼ਕਤੀ ਨੂੰ ਮਜ਼ਬੂਤ ਕਰਨਾ ਹੋਵੇਗਾ।

ਇਸ ਮੌਕੇ ਤੇ ਸ਼੍ਰੀਮਤੀ ਨੀਰਜ਼, ਸ਼੍ਰੀਮਤੀ ਬਿਮਲਾ, ਸ਼੍ਰੀਮਤੀ ਨੀਲਮ, ਸੁਦੇਸ਼, ਧਨਵੰਤ, ਪ੍ਰੀਤੀ, ਸਵਿਤਾ, ਸ਼੍ਰੀਮਤੀ ਸਰੋਜ, ਸ਼੍ਰੀਮਤੀ ਦਲਜ਼ੀਤ ਕੌਰ, ਸ਼੍ਰੀਮਤੀ ਪ੍ਰੋਮਿਲਾ ਅਤੇ ਸ਼੍ਰੀਮਤੀ ਬਬੀਤਾ ਨੂੰ ਐਨਵਾਈਕੇ ਚੰਡੀਗੜ੍ਹ ਦੀਆਂ ਖੇਤਰੀ ਗਤੀਵਿਧੀਆਂ ਦੇ ਯੋਗਦਾਨ ਦੇਣ ਦੇ ਲਈ ਇਨਾਮ ਦਿੱਤਾ ਗਿਆ।